ਤੱਥ ਸ਼ੀਟ

# ਕਾਰ ਖਰੀਦਣੀ ਅਤੇ ਰਜਿਸਟਰ ਕਰਨੀ

## ਖਰੀਦਣ ਤੋਂ ਪਹਿਲਾਂ

- ਤੁਸੀਂ ਵਿਕਰੋਡਜ਼ ਦੀ ਗੱਡੀ ਰਜਿਸਟਰੇਸ਼ਨ ਪੁੱਛਗਿੱਛ ਸੇਵਾ ਦਾ ਪਤਾ ਕਰੋ। ਇਹ ਸੇਵਾ ਮੁਫਤ ਹੈ, ਅਤੇ ਤੁਹਾਨੂੰ ਵਿਕਟੋਰੀਅਨ ਰਜਿਸਟਰ ਤੋਂ ਕਾਰਾਂ, ਮੋਟਰਸਾਈਕਲਾਂ, ਟਰੱਕਾਂ, ਟਰੇਲਰਾਂ ਅਤੇ ਕੈਰਾਵਾਨਾਂ ਦੀ ਰਜਿਸਟਰੇਸ਼ਨ ਦੀ ਦਸ਼ਾ ਦੀ ਤਸਦੀਕ ਕਰਨ ਦੀ ਆਗਿਆ ਦੇਂਦੀ ਹੈ। ਗੱਡੀ ਰਜਿਸਟਰੇਸ਼ਨ ਪੁੱਛਗਿੱਛ ਸੇਵਾ ਤੋਂ ਪਤਾ ਕਰਨ ਨਾਲ ਤੁਹਾਨੂੰ ਪਤਾ ਲੱਗ ਜਾਂਦਾ ਹੈ ਕਿ ਰਜਿਸਟਰੇਸ਼ਨ ਚਲੰਤ, ਖਤਮ, ਮੁਅੱਤਲ ਜਾਂ ਕੈਂਸਲ ਹੋਈ ਹੈ। ਤੁਸੀਂ ਗੱਡੀ ਦੇ ਬਾਰੇ ਜਾਣਕਾਰੀ ਵੀ ਲੈ ਸਕਦੇ ਹੋ, ਜਿਵੇਂ ਕਿ ਗੱਡੀ ਦਾ ਪਛਾਣ ਨੰਬਰ, ਚੈਸੀ ਨੰਬਰ, ਇਸ ਦਾ ਇੰਜਣ ਨੰਬਰ, ਜਾਂ ਬਣਾਉਤ, ਰੰਗ, ਬੌਡੀ ਦੀ ਕਿਸਮ ਜਾਂ ਬਨਾਉਣ ਵਾਲੇ ਸਾਲ ਦਾ ਪਤਾ ਲਗਾ ਕੇ ਤੁਸੀਂ ਇਸ ਦੀ ਪਛਾਣ ਪੱਕੀ ਕਰ ਸਕਦੇ ਹੋ। ਤੁਸੀਂ ਗੱਡੀ ਰਜਿਸਟਰੇਸ਼ਨ ਪੁੱਛਗਿੱਛ ਸੇਵਾ ਤੋਂ **vicroads.vic.gov.au** ਉਪਰ ਜਾ ਕੇ ਪਤਾ ਕਰ ਸਕਦੇ ਹੋ।
- ਤੁਸੀਂ ਪਰਸਨਲ ਪਰੌਪਰਟੀ ਸਕਿਉਰਿਟੀ ਰਜਿਸਟਰ (ਪੀ ਪੀ ਐਸ ਆਰ) ਵੀ ਚੈਕ ਕਰ ਸਕਦੇ ਹੋ। ਇਹ ਇਕ ਰਾਸ਼ਟਰੀ ਸੇਵਾ ਹੈ ਜੋ ਕਿ ਮੁਫਤ ਹੈ ਅਤੇ ਗੱਡੀ ਖਰੀਦਣ ਤੋਂ ਪਹਿਲਾਂ ਤੁਸੀਂ ਇਸਦੇ ਵੇਰਵੇ ਚੈਕ ਕਰਨ ਦੀ ਆਗਿਆ ਦੇਂਦੀ ਹੈ। ਜੇ ਤੁਸੀਂ ਪਰਸਨਲ ਪਰੌਪਰਟੀ ਸਕਿਉਰਿਟੀ ਰਜਿਸਟਰ ਸਰਚ ਸਰਟੀਫਿਕੇਟ ਖਰੀਦਦੇ ਹੋ, ਤਾਂ ਤੁਸੀਂ ਪਤਾ ਲਗਾ ਸਕਦੇ ਹੋ ਕਿ ਕੋਈ ਕਰਜ਼ਾ ਬਾਕੀ ਨਹੀਂ ਹੈ (ਰਿਣ), ਗੱਡੀ ਦੇ ਵੇਰਵੇ (ਬਣਾਉਤ ਤੇ ਮੌਡਲ), ਰਜਿਸਟਰੇਸ਼ਨ ਦੀ ਦਸ਼ਾ, ਚੋਰੀ ਦੀ ਦਸ਼ਾ ਜਾਂ ਨਾਸ਼ ਹੋਣ ਦੀ ਦਸ਼ਾ। ਤੁਸੀਂ ਪੀ ਪੀ ਐਸ ਆਰ ਨੂੰ 1300 007 777 ਤੇ ਫੋਨ ਕਰਕੇ ਜਾਂ **ppsr.gov.au** ਉਪਰ ਜਾ ਕੇ ਚੈਕ ਕਰ ਸਕਦੇ ਹੋ।

## ਰਜਿਸਟਰ ਹੋਈ ਕਾਰ ਖਰੀਦਣੀ

### ਰਜਿਸਟਰ ਹੋਈ ਕਾਰ ਖਰੀਦਣ ਸਮੇਂ ਤੁਹਾਨੂੰ ਇਹ ਜ਼ਰੂਰ ਕਰਨਾ ਚਾਹੀਦਾ ਹੈ:

- ਵੇਚਣ ਵਾਲੇ ਤੋਂ ਵੈਧ ਰੋਡਵਰਦੀ ਸਰਟੀਫਿਕੇਟ ਲਓ।
- ਵੇਚਣ ਵਾਲੇ ਦੇ ਨਾਲ ਰਜਿਸਟਰੇਸ਼ਨ ਦੀ ਬਦਲੀ ਦੀ ਅਰਜ਼ੀ ਪੂਰੀ ਕਰੋ। **vicroads.vic.gov.au** ਤੋਂ ਔਨਲਾਈਨ, 13 11 71 ਤੋਂ ਫੋਨ ਕਰਕੇ ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੋਂ ਫਾਰਮ ਪ੍ਰਾਪਤ ਕਰੋ।

### ਰਜਿਸਟਰੇਸ਼ਨ ਆਪਣੇ ਨਾਮ ਤੇ ਬਦਲੀ ਕਰਵਾਉਣੀ:

- ਵੇਚਣ ਦੇ 14 ਦਿਨਾਂ ਦੇ ਅੰਦਰ ਅੰਦਰ ਪੂਰਾ ਭਰਿਆ ਹੋਇਆ ਬਦਲਾਓ ਦਾ ਫਾਰਮ, ਰੋਡਵਰਦੀ ਸਰਟੀਫਿਕੇਟ ਅਤੇ ਫੀਸ ਵਿਕਰੋਡਜ਼ ਨੂੰ ਜਮ੍ਹਾਂ ਕਰਵਾਓ। ਤੁਸੀਂ ਸਾਰੇ ਲੋੜੀਂਦੇ ਦਸਤਾਵੇਜ ਅਤੇ ਫੀਸ (ਚੈਕ ਜਾਂ ਮਨੀ ਆਰਡਰ) ਡਾਕ ਰਾਹੀਂ ਵੀ ਵਿਕਰੋਡਜ਼ ਨੂੰ ਜੀ ਪੀ ਓ ਬੌਕਸ 1644, ਮੈਲਬੋਰਨ 3001 ਤੇ ਭੇਜ ਸਕਦੇ ਹੋ, ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਮ੍ਹਾਂ ਕਰਵਾ ਸਕਦੇ ਹੋ।
- ਜੇ ਕਾਰ ਇਕ ਕਾਰ ਡੀਲਰ ਤੋਂ ਖਰੀਦੀ ਜਾਂਦੀ ਹੈ ਤਾਂ ਡੀਲਰ ਸਾਰੀਆਂ ਲੋੜੀਂਦੀਆਂ ਚੀਜਾਂ ਵਿਕਰੋਡਜ਼ ਨੂੰ ਭੇਜ ਦੇਵੇਗਾ।

### ਫੀਸ:

- ਬਦਲੀ ਦੀ ਫੀਸ
- ਮੋਟਰ ਗੱਡੀ ਡਿਊਟੀ ਫੀਸ

ਫੀਸ ਦਾ ਹਿਸਾਬ **vicroads.vic.gov.au** ਉਪਰ ਜਾ ਕੇ ਜਾਂ 13 11 71 ਤੇ ਫੋਨ ਕਰਕੇ ਲਗਾਇਆ ਜਾ ਸਕਦਾ ਹੈ।

### ਰੋਡਵਰਦੀਨੈਸ ਦਾ ਸਰਟੀਫਿਕੇਟ

- ਇਹ ਚਾਹੀਦਾ ਹੈ ਜੇ ਇਕ ਰਜਿਸਟਰਡ ਕਾਰ ਵੇਚੀ ਜਾਵੇ ਜਾਂ ਇਕ ਪੁਰਾਣੀ ਕਾਰ ਦੋਬਾਰਾ ਰਜਿਸਟਰਡ ਕਰਵਾਉਣੀ ਹੋਵੇ।
- ਵਿਕਰੋਡਜ਼ ਵੱਲੋਂ ਅਧਿਕਾਰਿਤ ਲਾਈਸੈਂਸ ਗੱਡੀ ਟੈਸਟਰ ਦੁਆਰਾ ਹੀ ਜਾਰੀ ਕੀਤਾ ਜਾ ਸਕਦਾ ਹੈ।
- ਇਹ ਯਕੀਨੀ ਬਨਾਉਣ ਲਈ ਚੈਕ ਹੈ ਕਿ ਕਾਰ ਸੜਕ ਤੇ ਚਲਾਉਣ ਲਈ ਸੁਰੱਖਿਅਤ ਹੈ।
- ਇਸ ਦਾ ਅਰਥ ਇਹ ਨਹੀਂ ਕਿ ਕਾਰ ਕਿਸੇ ਘਸਾਈ ਅਤੇ ਸੁਰੱਖਿਆ ਨਾਲ ਨਾ ਜੁੜੇ ਪੁਰਜ਼ਿਆਂ ਦੇ ਕੰਮ ਕਰਨ ਤੋਂ ਬਿਨਾਂ ਬਹੁਤ ਵਧੀਆ ਹਾਲਤ ਵਿੱਚ ਹੈ।
- ਜਾਰੀ ਹੋਣ ਦੇ 30 ਦਿਨਾਂ ਤੱਕ ਲਾਗੂ ਰਹਿੰਦਾ ਹੈ।

## ਅਣ ਰਜਿਸਟਰ ਹੋਈ ਕਾਰ ਖਰੀਦਣੀ

### ਅਣ ਰਜਿਸਟਰ ਹੋਈ ਕਾਰ ਖਰੀਦਣ ਸਮੇਂ ਤੁਹਾਨੂੰ ਇਹ ਕਰਨਾ ਚਾਹੀਦਾ ਹੈ:

- ਵੇਚਣ ਵਾਲੇ ਤੋਂ ਦਸਤਖਤ ਕੀਤੀ ਤੇ ਤਰੀਕ ਪਈ ਰਸੀਦ ਲਵੋ ਜਿਸ ਵਿੱਚ ਕਾਰ ਦੀ ਬਣਾਉਤ, ਮੌਡਲ ਅਤੇ ਗੱਡੀ ਦਾ ਪਛਾਣ ਨੰਬਰ (ਵੀ ਆਈ ਐਨ), ਤੁਹਾਡਾ ਅਤੇ ਵੇਚਣ ਵਾਲੇ ਦਾ ਪਤਾ ਲਿਖਿਆ ਹੋਵੇ।
- ਅਣ ਰਜਿਸਟਰ ਗੱਡੀ ਦੇ ਪਰਮਿਟ ਦਾ ਇੰਤਜ਼ਾਮ ਕਰੋ।
- ਰੋਡਵਰਦੀਨੈਸ ਸਰਟੀਫਿਕੇਟ ਪ੍ਰਾਪਤ ਕਰੋ।
- ਗੱਡੀ ਦੀ ਪੁਰਾਣੀ ਰਜਿਸਟਰੇਸ਼ਨ ਦਾ ਸਬੂਤ ਦਿਓ ਜਿਵੇਂ ਕਿ ਪੁਰਾਣਾ ਰਜਿਸਟਰੇਸ਼ਨ ਸਰਟੀਫਿਕੇਟ।
- ਰਜਿਸਟਰੇਸ਼ਨ ਵਾਸਤੇ ਨਿਯੁਕਤੀ ਦਾ ਸਮਾਂ ਲਓ ਅਤੇ ਕਾਰ ਨੂੰ ਨਿਰੀਖਣ ਵਾਸਤੇ ਵਿਕਰੋਡਜ਼ ਗਾਹਕ ਸੇਵਾ ਕੇਂਦਰ ਲੈ ਕੇ ਆਓ (ਕਾਰ ਦੀ ਰਜਿਸਟਰੇਸ਼ਨ ਵਾਸਤੇ ਤੁਹਾਡੀ ਉਮਰ ਜ਼ਰੂਰੀ 17 ਸਾਲ ਜਾਂ ਇਸ ਤੋਂ ਜ਼ਿਆਦਾ ਹੋਣੀ ਚਾਹੀਦੀ ਹੈ)।

**ਅਣ ਰਜਿਸਟਰ ਗੱਡੀ ਦਾ ਪਰਮਿਟ**

ਅਣ ਰਜਿਸਟਰ ਹੋਈ ਕਾਰ ਚਲਾਉਣ ਤੋਂ ਪਹਿਲਾਂ ਇਸ ਨੂੰ ਮੁਰੰਮਤ ਜਾਂ ਰੋਡਵਰਦੀਨੈਸ ਸਰਟੀਫਿਕੇਟ ਵਾਸਤੇ ਚੈਕ ਕਰਵਾਉਣ ਲਈ ਤੁਹਾਨੂੰ ਅਣ ਰਜਿਸਟਰ ਗੱਡੀ ਦਾ ਪਰਮਿਟ ਜ਼ਰੂਰੀ ਚਾਹੀਦਾ ਹੈ:

- ਇਹ ਤੁਹਾਨੂੰ ਰੋਡਵਰਦੀਨੈਸ ਸਰਟੀਫਿਕੇਟ ਲੈਣ ਅਤੇ ਕਾਰ ਨੂੰ ਰਜਿਸਟਰੇਸ਼ਨ ਲਈ ਤਿਆਰ ਕਰਨ ਲਈ ਸੜਕ ਉਪਰ ਚਲਾਉਣ ਦੀ ਆਗਿਆ ਦੇਂਦਾ ਹੈ।
- ਵਿਕਰੋਡਜ਼ ਨੂੰ 13 11 71 ਉਪਰ ਫੋਨ ਕਰਕੇ ਜਾਂ ਕਿਸੇ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੋਂ ਖਰੀਦਿਆ ਜਾ ਸਕਦਾ ਹੈ। ਤੁਹਾਨੂੰ ਕਾਰ ਦੇ ਵੇਰਵਿਆਂ ਦੇ ਨਾਲ ਇੰਜਣ ਨੰਬਰ ਜਾਂ ਗੱਡੀ ਦਾ ਪਛਾਣ ਨੰਬਰ (ਵੀ ਆਈ ਐਨ) ਜ਼ਰੂਰੀ ਦੇਣਾ ਪਵੇਗਾ।
- ਅਣ ਰਜਿਸਟਰ ਗੱਡੀ ਨੂੰ ਅਣ ਰਜਿਸਟਰ ਗੱਡੀ ਦੇ ਪਰਮਿਟ ਤੋਂ ਬਿਨਾਂ ਚਲਾਉਣਾ ਅਪਰਾਧ ਹੈ, ਜਦੋਂ ਤੱਕ ਕਿ ਤੁਸੀਂ ਨਿਯੁਕਤੀ ਦਾ ਸਮਾਂ ਲਿਆ ਹੋਵੇ ਤੇ ਇਸ ਨੂੰ ਰਜਿਸਟਰ ਕਰਵਾਉਣ ਲਈ ਵਿਕਰੋਡਜ਼ ਲੈ ਕੇ ਜਾ ਰਹੇ ਹੋ।

## ਕਾਰ ਰਜਿਸਟਰ ਕਰਨ ਲਈ ਤੁਹਾਨੂੰ ਜ਼ਰੂਰੀ ਚਾਹੀਦਾ ਹੈ:

### ਨਿਯੁਕਤੀ ਦਾ ਸਮਾਂ ਲਓ:

- ਵਿਕਰੋਡਜ਼ ਨੂੰ 13 11 71 ਉਪਰ ਫੋਨ ਕਰੋ (ਸਿਰਫ ਵੀਜ਼ਾ ਤੇ ਮਾਸਟਰ ਕਾਰਡ ਦੁਆਰਾ ਭੁਗਤਾਨ ਵਾਸਤੇ) ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ (ਨਗਦ, ਚੈਕ, ਐਫਪੋਸ, ਵੀਜ਼ਾ ਜਾਂ ਮਾਸਟਰ ਕਾਰਡ ਦੁਆਰਾ ਭੁਗਤਾਨ ਵਾਸਤੇ) ਤੋਂ ਨਿਯੁਕਤੀ ਦੀ ਫੀਸ ਤਾਰਨ ਲਈ ਸਮਾਂ ਲਓ।
- ਨਿਯੁਕਤੀ ਦਾ ਸਮਾਂ ਲੈਣ ਲਈ ਤੁਹਾਨੂੰ ਗੱਡੀ ਦਾ ਪਛਾਣ ਨੰਬਰ (ਵੀ ਆਈ ਐਨ), ਇੰਜਣ ਨੰਬਰ ਅਤੇ ਰਜਿਸਟਰੇਸ਼ਨ ਪਲੇਟ ਨੰਬਰ (ਜੇ ਲਾਗੂ ਹੋਵੇ ਤਾਂ) ਦੀ ਲੋੜ ਪਵੇਗੀ।

### ਆਪਣੀ ਨਿਯੁਕਤੀ ਤੇ ਹਾਜ਼ਰੀ ਦੇ ਸਮੇਂ:

- ਕਾਰ ਨਿਰੀਖਣ ਵਾਸਤੇ ਲੈ ਕੇ ਆਓ।
- ਵੈਧ ਰੋਡਵਰਦੀਨੈਸ ਸਰਟੀਫਿਕੇਟ ਦਿਓ।
- ਆਪਣੀ ਪਛਾਣ ਦਾ ਸਬੂਤ ਦਿਓ (ਡਰਾਈਵਰ ਲਾਈਸੈਂਸ ਚਾਹੀਦਾ ਹੈ, ਜੇ ਤੁਹਾਡੇ ਕੋਲ ਲਾਈਸੈਂਸ ਨਾ ਹੋਵੇ ਤਾਂ ਤੁਹਾਨੂੰ ਇਕ ਤੋਂ ਜ਼ਿਆਦਾ ਦਸਤਾਵੇਜ਼ ਪਛਾਣ ਦੇ ਸਬੂਤ ਵਜੋਂ ਜ਼ਰੂਰ ਵਿਖਾਉਣੇ ਪੈਣਗੇ)।
- ਇਹ ਵਿਖਾਉਣ ਲਈ ਕਿ ਤੁਸੀਂ ਕਨੂੰਨੀ ਤੌਰ ਤੇ ਕਾਰ ਰਜਿਸਟਰ ਕਰਵਾ ਸਕਦੇ ਹੋ ਆਪਣੀ ਰਸੀਦ ਲੈ ਕੇ ਆਓ
- ਜੇ ਤੁਹਾਡੇ ਕੋਲ ਕਨਸੈਸ਼ਨ ਕਾਰਡ ਹੋਵੇ ਤਾਂ ਵਿਕਰੋਡਜ਼ ਨੂੰ ਦੱਸੋ।
- ਫੀਸ ਦਾ ਭੁਗਤਾਨ ਕਰੋ।

### ਫੀਸ:

- ਰਜਿਸਟਰੇਸ਼ਨ ਫੀਸ (ਕਟੌਤੀ ਵਾਲੀਆਂ ਰਿਆਇਤੀ ਦਰਾਂ ਉਪਲਬਧ ਹਨ)
- ਨੰਬਰ ਪਲੇਟ ਜਾਰੀ ਕਰਨ ਦੀ ਫੀਸ (ਜੇ ਚਾਹੀਦੀਆਂ ਹੋਣ)
- ਨਿਰੀਖਣ ਫੀਸ (ਜੇ ਚਾਹੀਦੀ ਹੋਵੇ, ਆਮ ਤੌਰ ਤੇ ਨਿਯੁਕਤੀ ਦਾ ਸਮਾਂ ਲੈਣ ਸਮੇਂ ਭੁਗਤਾਨ ਕੀਤੀ ਜਾਂਦੀ ਹੈ)
- ਟਰਾਂਸਪੋਰਟ ਐਕਸੀਡੈਂਟ ਕਮਿਸ਼ਨ ਦੀ ਫੀਸ (ਲਾਜ਼ਮੀ ਤੀਸਰੀ ਪਾਰਟੀ ਦਾ ਵਿਅਕਤੀਗਤ ਸੱਟਪੇਟ ਦਾ ਬੀਮਾ)
- ਮੋਟਰ ਗੱਡੀ ਡਿਊਟੀ ਫੀਸ

ਫੀਸ ਦਾ ਹਿਸਾਬ **vicroads.vic.gov.au** ਉਪਰ ਜਾ ਕੇ ਜਾਂ 13 11 71 ਤੇ ਫੋਨ ਕਰਕੇ ਲਗਾਇਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ **vicroads.vic.gov.au** ਉਪਰ ਜਾਓ ਜਾਂ **13 11 71** ਤੇ ਫੋਨ ਕਰੋ ਜਾਂ ਵਿਕਰੋਡਜ਼ ਗਾਹਕ ਸੇਵਾ ਕੇਂਦਰ ਤੇ ਜਾਓ।

*ਇਸ ਤੱਥ ਸ਼ੀਟ ਵਿੱਚ ਦਿੱਤੀ ਗਈ ਜਾਣਕਾਰੀ ਪਰਕਾਸ਼ਨ ਦੇ ਸਮੇਂ ਠੀਕ ਸੀ ਅਤੇ ਬਦਲੀ ਜਾ ਸਕਦੀ ਹੈ।*

VRPIN02900 Buying and Registering a Car – Punjabi Authorised by VicRoads, 60 Denmark Street, Kew, 3101

vic roads

State Government Victoria

keeping victorians connected